**ਮਿਫ਼** ****ਫ਼ਾਰਮੇਸੀ (ਪਹਿਲੀ ਮੰਜਿਲ)****

**ਡਾਇਰੀ** | ਬਲੱਡ ਟੈਸਟ | ਮਿਫ਼ਪ੍ਰਿਸਟੋਨ | 4 ਮਿਸੋਪਰੋਸਟੋਲ ਗੋਲੀਆਂ ਗੱਲ੍ਹ ਵਿੱਚ ਜਾਂ ਯੋਨੀ ਵਿੱਚ (ਮਿਫ਼ ਤੋਂ 24-48 ਘੰਟੇ ਬਾਅਦ) | ਜਨਮ ਕੰਟਰੋਲ ਵਰਤਣਾ ਸ਼ੁਰੂ ਕਰੋ | 1 ਹਫ਼ਤੇ ਤੋਂ ਬਾਅਦ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਤਰੀਕ: | | | | | | | | | | | | | | | |
| ਦਵਾਈਆਂ – ਮਿਸੋਪਰੋਸਟੋਲ (ਐੱਮ) ਗ੍ਰੈਵਲ (ਜੀ), ਆਦਿ। | | | | | | | | | | | | | | | |
| ਖੂਨ ਪੈਣਾ: (ਐੱਚ, ਐੱਨ, ਜਾਂ ਐੱਸ) | | | | | | | | | | | | | | | |
| ਦਰਦ: ਦਰਦ ਦਾ ਸਭ ਤੋਂ ਵੱਡਾ ਪੱਧਰ ਅਨੁਭਵ ਕੀਤਾ (0-10) | | | | | | | | | | | | | | | |
| ਹੋਰ ਲੱਛਣ:<br>ਦਿੱਲ ਕੱਚਾ ਹੋਣਾ (ਐੱਨ), ਉਲਟੀਆਂ (ਵੀ), ਦਸਤ (ਡੀ), ਬੁਖ਼ਾਰ (ਐੱਫ਼), ਸਰਦੀ (ਸੀ), ਸਿਰ ਦਰਦ (ਐੱਚ), ਥਕਾਵਟ (ਟੀ) ਆਦਿ। | | | | | | | | | | | | | | | |

**ਦਵਾਈਆਂ:** ਜਦੋਂ ਤੁਸੀਂ ਗੋਲੀਆਂ ਦੀ ਵਰਤੋਂ ਕਰਦੇ ਹੋ, ਤਾਂ ਦਿਨ ਦੇ ਕਾਲਮ ਵਿੱਚ, ਦਵਾਈ ਦੇ ਨਾਮ ਦਾ ਪਹਿਲਾ ਅੱਖਰ ਲਿਖੋ, ਉਦਾਹਰਣ ਲਈ, ਮਿਸੋਪਰੋਸਟੋਲ ਲਈ “ਐਮ”, ਗ੍ਰੈਵਲ ਲਈ “ਜੀ”

**ਖੂਨ ਪੈਣਾ:** ਆਮ ਮਾਹਵਾਰੀ ਤੋਂ ਜ਼ਿਆਦਾ ਖੂਨ ਪੈਣ ਤੇ “ਐੱਚ” ਲਿਖੋ, ਠੀਕ ਮਾਹਵਾਰੀ ਤੇ “ਐੱਨ” ਲਿਖੋ ਅਤੇ ਖੂਨ ਦੇ ਧੱਬੇ ਪੈਣ ਤੇ “ਐੱਸ” ਲਿਖੋ

**ਦਰਦ:** 0 ਤੋਂ 10 ਦੇ ਪੈਮਾਨੇ ਤੇ 0 ਕੋਈ ਦਰਦ ਨਹੀਂ ਅਤੇ 10 ਬਹੁਤ ਹੀ ਜ਼ਿਆਦਾ ਦਰਦ ਜਿੰਨੀ ਹੋ ਸਕਦੀ ਹੈ, ਤੁਸੀਂ ਕਿਸ ਪੱਧਰ ਦੀ ਬੁਰੀ ਦਰਦ ਦਾ ਅੱਜ ਤਜ਼ਰਬਾ ਕੀਤਾ ਹੈ?

**ਹੋਰ ਲੱਛਣ:** ਇਸ ਤੋਂ ਇਲਾਵਾ ਹੋਰ ਜੋ ਕੁਝ ਵੀ ਤੁਸੀਂ ਅਨੁਭਵ ਕੀਤਾ ਹੋਵੇ, ਕਾਲਮ ਦੇ ਹੇਠਾਂ ਲਿਖੋ: ਮਤਲੀ ਲਈ “ਐੱਨ”, ਉਲਟੀਆਂ ਲਈ “ਵੀ”, ਆਦਿ।

**ਖੂਨ ਪੈਣਾ ਸ਼ੁਰੂ ਕਰਨ ਲਈ**



**ਮਿਸੋਪਰੋਸਟੋਲ**

**ਦਰਦ ਲਈ–ਹਲਕੀ**




**ਆਈਬੋਪ੍ਰੋਫ਼ਿਨ (ਮਿਸੋਪਰੋਸਟੋਲ ਦੇ ਨਾਲ ਲਵੋ)**

**ਦਰਦ ਲਈ–ਦਰਮਿਆਨੀ**




**ਟਾਇਲਾਨੌਲ # 3 (ਭੋਜਨ ਦੇ ਨਾਲ ਲਵੋ)**

**ਦਰਦ ਲਈ–ਤੇਜ**




**ਐਂਡੋਸੈਟ (ਪਰਕੋਸੈਟ)**

**ਦਿਲ ਕੱਚਾ ਹੋਣ ਤੇ**




**ਗ੍ਰੈਵਲ**

**ਉਲਟੀਆਂ ਲਈ**




**ਗ੍ਰੈਵਲ ਬੱਤੀ**

ਮਰੀਜ਼ ਲਈ ਜਾਣਕਾਰੀ (ਮਿਫੇਜੀਮਾਈਜ਼ੋ) ਮਿਫਪ੍ਰਿਸਟੋਨ/ਮਿਸੋਪਰੋਸਟੋਲ

ਤੁਹਾਡਾ ਸਰੀਰਕ ਮੁਆਇਨਾ, ਅਲਟਰਾਸਾਊਂਡ, ਅਤੇ ਖੂਨ ਦੇ ਟੈਸਟ ਹੋਣਗੇ ਅਤੇ ਤੁਸੀਂ ਇੱਕ ਸਲਾਹਕਾਰ (ਕੌਂਸਲਰ) ਨਾਲ ਗੱਲ ਕਰੋਗੇ ਜੋ ਤੁਹਾਡੇ ਲਈ ਪ੍ਰਕਿਰਿਆ ਦੀ ਵਿਆਖਿਆ ਕਰੇਗਾ।

ਤੁਸੀਂ ਮਿਫਪ੍ਰਿਸਟੋਨ ਦੀ ਇੱਕ ਗੋਲੀ ਨੂੰ ਨਿਗਲੋਗੇ।ਜ਼ਿਆਦਾਤਰ ਔਰਤਾਂ ਨੂੰ ਇਸ ਦੇ ਕੋਈ ਮੰਦੇ ਅਸਰ ਨਹੀਂ ਹੁੰਦੇ, ਪਰ ਕਈਆਂ ਨੂੰ ਦਿਲ ਕੱਚਾ ਜਾਂ ਥਕਾਵਟ ਮਹਿਸੂਸ ਹੋ ਸਕਦੀ ਹੈ।

**24-48 ਘੰਟੇ ਬਾਦ**: ਤੁਸੀਂ 4 ਮਿਸੋਪਰੋਸਟੋਲ ਗੋਲੀਆਂ ਦੇ ਪਹਿਲੇ ਸੈੱਟ ਦਾ ਇਸਤੇਮਾਲ ਕਰੋਗੇ। ਤੁਸੀਂ ਇਹ ਚੁਣ ਸਕਦੇ ਹੋ ਕਿ ਤੁਸੀਂ ਇਨ੍ਹਾਂ ਦੀ ਵਰਤੋਂ ਕਿਵੇਂ ਕਰੋਗੇ:

*ਮੂੰਹ ਵਿੱਚ:* ਗੋਲੀਆਂ ਨੂੰ ਗੱਲ੍ਹਾਂ ਅਤੇ ਮਸੂੜਿਆਂ ਵਿੱਚਕਾਰ 30 ਮਿੰਟ ਲਈ ਰੱਖੋ।ਫਿਰ ਬਚੇ ਹੋਏ ਟੁਕੜਿਆਂ ਨੂੰ ਪਾਣੀ ਨਾਲ ਨਿਗਲੋ।

*ਯੋਨੀ ਵਿੱਚ:* ਆਪਣੇ ਹੱਥਾਂ ਨੂੰ ਧੋਵੋ ਅਤੇ ਗੋਲੀ ਨੂੰ ਆਪਣੀ ਉਂਗਲ ਨਾਲ ਆਪਣੀ ਯੋਨੀ ਵਿੱਚ ਕਾਫ਼ੀ ਉੱਚੇ ਲੈ ਕੇ ਜਾਣ ਤੋਂ ਪਹਿਲਾਂ ਹਰੇਕ ਗੋਲੀ ਤੇ ਪਾਣੀ ਦੀ ਇੱਕ ਬੂੰਦ ਪਾਓ।

ਤੁਸੀਂ ਅਗਲੇ 24 ਘੰਟਿਆਂ ਵਿੱਚ ਕੜਵੱਲ ਪੈਣ, ਖੂਨ ਵਗਣ ਅਤੇ ਖੂਨ ਦੇ ਗਤਲੇ ਪੈਣ ਦੀ ਆਸ ਕਰ ਸਕਦੇ ਹੋ। ਖੂਨ ਪੈਣਾ ਅਲੱਗ ਅਲੱਗ ਹੋ ਸਕਦਾ ਹੈ। ਸ਼ੁਰੂ ਵਿੱਚ ਇਸਦੇ ਮਾਹਵਾਰੀ ਤੋਂ ਜ਼ਿਆਦਾ ਭਾਰੀ ਹੋਣ ਦੀ ਸੰਭਾਵਨਾ ਹੋ ਸਕਦੀ ਹੈ, ਅਤੇ ਹੋ ਸਕਦਾ ਹੈ ਕਿ ਕੁਝ ਦਿਨ ਇਹ ਮਾਹਵਾਰੀ ਵਾਂਗ ਹੀ ਭਾਰੀ ਰਹੇ। ਇਹ ਸੰਭਵ ਹੈ ਕਿ ਤੁਹਾਨੂੰ ਕੁਝ ਘੰਟਿਆਂ ਲਈ ਹੀ ਭਾਰੀ ਖੂਨ ਪੈਣਾ ਹੋਵੇ ਜਾਂ ਬਿਲਕੁਲ ਵੀ ਨਾ ਹੋਵੇ।

ਕੁਝ ਔਰਤਾਂ ਨੂੰ ਠੰਢ, ਬੁਖ਼ਾਰ, ਮਤਲੀ, ਉਲਟੀਆਂ, ਚੱਕਰ ਆਉਣੇ ਜਾਂ ਸਿਰ ਦਰਦ ਹੁੰਦੇ ਹਨ। ਇਹ ਆਮ ਹੈ ਅਤੇ ਕੁਝ ਘੰਟਿਆਂ ਤੋਂ ਵੱਧ ਨਹੀਂ ਰਹਿਣਾ ਚਾਹੀਦਾ ਹੈ। ਤੁਸੀਂ ਜੀਅ ਕੱਚਾ ਹੋਣ ਤੇ ਗ੍ਰੈਵਲ ਲੈ ਸਕਦੇ ਹੋ।ਕੜਵੱਲ ਵਾਲੀ ਦਰਦ ਵਿੱਚ ਤੁਹਾਨੂੰ ਦਿੱਤੀਆਂ ਹੋਈਆਂ ਗੋਲੀਆਂ ਵਿੱਚੋਂ ਆਈਬੋਪ੍ਰੋਫ਼ਿਨ, ਟਾਇਲਨੌਲ #3 ਅਤੇ/ਜਾਂ ਪਰਕੌਸੈੱਟ ਲਵੋ।ਤੁਸੀਂ ਇੱਕ ਗਰਮ ਪਾਣੀ ਦੀ ਬੋਤਲ ਜਾਂ ਹੀਟਿੰਗ ਪੈਡ ਵੀ ਵਰਤ ਸਕਦੇ ਹੋ।ਯਾਦ ਰੱਖੋ ਕਿ ਟਾਇਲਾਨੌਲ, ਪਰਕੌਸੈੱਟ, ਅਤੇ ਗ੍ਰੈਵਲ ਤੁਹਾਨੂੰ ਨੀਂਦ ਲਿਆ ਸਕਦੇ ਹਨ, ਇਸ ਲਈ ਇਨ੍ਹਾਂ ਨੂੰ ਲੈਣ ਤੋਂ ਬਾਦ ਗੱਡੀ ਨਾ ਚਲਾਓ।

ਤੁਹਾਡੀ ਗਰਭ ਅਵਸਥਾ ਦੇ ਪੱਧਰ ਤੇ ਨਿਰਭਰ ਕਰਦਾ ਹੈ, ਅਤੇ ਤੁਸੀਂ ਮਾਹਵਾਰੀ ਖੂਨ, ਗਤਲਾ ਜਾਂ ਖੂਨ ਵਿੱਚ ਮਿਲੇ ਹੋਏ ਗੁਲਾਬੀ ਜਾਂ ਸਲੇਟੀ ਟਿਸ਼ੂ ਦੇਖ ਸਕਦੇ ਹੋ।ਜੇ ਤੁਹਾਡੀ ਗਰਭ ਅਵਸਥਾ 7 ਹਫ਼ਤਿਆਂ ਤੋਂ ਵੱਧ ਹੈ, ਤਾਂ ਤੁਸੀਂ ਇੱਕ ਭਰੂਣ ਨੂੰ ਦੇਖ ਸਕਦੇ ਹੋ

ਜੇ ਤੁਸੀਂ ਉਹਨਾਂ ਔਰਤਾਂ ਵਿੱਚੋਂ ਇੱਕ ਹੋ ਜਿਹਨਾਂ ਤੇ ਦਵਾਈਆਂ ਦੀ ਪ੍ਰਕਿਰਿਆ ਦੇਰ ਨਾਲ ਹੁੰਦੀ ਹੈ ਤਾਂ ਤੁਸੀਂ ਕੁਝ ਵੀ ਮਹਿਸੂਸ ਨਹੀਂ ਕਰੋਗੇ।
ਇਸ ਦਾ ਮਤਲਬ ਇਹ ਨਹੀਂ ਹੈ ਕਿ ਪ੍ਰਕਿਰਿਆ ਕੰਮ ਨਹੀਂ ਕਰ ਰਹੀ ਹੈ ਅਤੇ ਤੁਹਾਨੂੰ ਆਪਣੇ ਫਾਲੋ-ਅੱਪ ਤੇ ਹੋਰ ਦਵਾਈ ਦੀ ਪੇਸ਼ਕਸ਼ ਕੀਤੀ ਜਾਵੇਗੀ।

ਤੁਸੀਂ ਜਿੰਨੀ ਜਲਦੀ ਆਪਣੇ ਆਪ ਨੂੰ ਤਿਆਰ ਮਹਿਸੂਸ ਕਰੋ, ਤੁਸੀਂ ਆਮ ਵਾਂਗ ਖਾਓ ਅਤੇ ਪੀਓ ਅਤੇ ਆਪਣੀਆਂ ਰੋਜ਼ਾਨਾ ਗਤੀਵਿਧੀਆਂ(ਟੈਂਪੂਨ ਦੀ ਵਰਤੋਂ ਅਤੇ ਜਿਨਸੀ ਗਤੀਵਿਧੀਆਂ ਸਮੇਤ) ਤੇ ਵਾਪਸ ਜਾਓ। ਜ਼ਿਆਦਾਤਰ ਔਰਤਾਂ ਨੂੰ ਮਿਸੋਪਰੋਸਟੋਲ ਦੀਆਂ ਗੋਲੀਆਂ ਦੀ ਵਰਤੋਂ ਕਰਨ ਤੋਂ 1 ਤੋਂ 2 ਦਿਨ ਬਾਦ ਆਰਾਮ ਕਰਨ ਦੀ ਲੋੜ ਹੁੰਦੀ ਹੈ।



ਗਰਭ ਅਵਸਥਾ ਦੇ ਹਾਰਮੋਨਜ਼ ਦਾ ਪੱਧਰ ਨੀਵਾਂ ਆਉਣ ਦੇ ਦੌਰਾਨ ਅਕਸਰ ਸੁਭਾਅ ਦੇ ਬਦਲਾਅ ਅਤੇ ਭਾਵਨਾਤਮਕ ਪਰੇਸ਼ਾਨੀ ਹੁੰਦੀ ਹੈ ਅਤੇ ਇਹ ਕੁਝ ਦਿਨਾਂ ਜਾਂ ਕੁਝ ਹਫ਼ਤਿਆਂ ਤੱਕ ਰਹਿ ਸਕਦੀ ਹੈ।ਗਰਭ ਦੀ ਮਤਲੀ 2 ਦਿਨਾਂ ਦੇ ਅੰਦਰ ਖ਼ਤਮ ਹੋ ਜਾਣੀ ਚਾਹੀਦੀ ਹੈ ਅਤੇ ਛਾਤੀ ਦੇ ਬਦਲਾਅ ਆਮ ਤੌਰ ਤੇ ਪਹਿਲੇ ਹਫ਼ਤੇ ਦੇ ਅਖ਼ੀਰ ਤੱਕ ਠੀਕ ਹੋ ਜਾਂਦੇ ਹਨ, ਪਰ ਜੇ ਤੁਸੀਂ ਜਨਮ ਨਿਯੰਤਰਣ ਗੋਲੀਆਂ ਤੇ ਹੋ ਤਾਂ ਦੋਵੇਂ ਹੀ ਰਹਿ ਸਕਦੇ ਹਨ।ਬਹੁਤੀਆਂ ਔਰਤਾਂ ਨੂੰ ਲੱਗਭਗ 10 ਦਿਨਾਂ ਲਈ ਖੂਨ ਪੈਂਦਾ ਹੈ, ਪਰ ਤੁਹਾਡੀ ਅਗਲੀ ਨਿਯਮਿਤ ਮਾਹਵਾਰੀ ਜੋ ਕਿ 4-6 ਹਫ਼ਤਿਆਂ ਵਿੱਚ ਸ਼ੁਰੂ ਹੋਣੀ ਚਾਹੀਦੀ ਹੈ, ਉਸ ਦੇ ਦੌਰਾਨ ਤੁਹਾਨੂੰ ਖੂਨ ਪੈਣਾ ਵਿੱਚ-ਵਿੱਚ ਸ਼ੁਰੂ ਅਤੇ ਬੰਦ ਹੋ ਸਕਦਾ ਹੈ, ਜਾਂ ਲਗਾਤਾਰ ਹੋ ਸਕਦਾ ਹੈ।

**1 ਹਫ਼ਤੇ ਬਾਦ ਮੁਆਇਨਾ:** ਤੁਸੀਂ ਇੱਕ ਚੈੱਕ-ਅੱਪ ਲਈ ਦਫ਼ਤਰ ਵਿੱਚ ਆਓਗੇ (ਇਸ ਸਮੇਂ ਤੁਹਾਨੂੰ ਖੂਨ ਪੈਂਦਾ ਹੋ ਸਕਦਾ ਹੈ) ਜੇ ਤੁਹਾਡਾ ਅਲਟਰਾਸਾਊਂਡ ਦਰਸਾਉਂਦਾ ਹੈ ਕਿ ਗਰਭਪਾਤ ਪੂਰਾ ਹੋ ਗਿਆ ਹੈ ਤਾਂ ਤੁਸੀਂ ਠੀਕ ਹੋ।ਤੁਸੀਂ 2 ਹੋਰ ਹਫ਼ਤਿਆਂ ਲਈ ਖੂਨ ਪੈਣ ਦੀ ਆਸ ਕਰ ਸਕਦੇ ਹੋ ਜੋ ਕਿ ਕਿਸੇ ਸਮੇਂ ਭਾਰੀ ਹੋ ਸਕਦਾ ਹੈ ਅਤੇ ਤੁਹਾਨੂੰ ਵਧੇਰੇ ਗਤਲੇ ਪੈ ਸਕਦੇ ਹਨ।

ਜੇ ਤੁਹਾਡਾ ਅਲਟਰਾਸਾਊਂਡ ਦੱਸਦਾ ਹੈ ਕਿ ਗਰਭ ਅਵਸਥਾ ਦਾ ਵੱਧਣਾ ਰੁੱਕ ਗਿਆ ਹੈ, ਲੇਕਿਨ ਅਜੇ ਵੀ ਗਰੱਭਸਥ ਟਿਸ਼ੂ ਤੁਹਾਡੀ ਬੱਚੇਦਾਨੀ ਵਿੱਚ ਹੈ(ਪ੍ਰਤੀਕਰਮ 5%), ਤੁਹਾਨੂੰ 3 ਚੋਣਾਂ ਪੇਸ਼ ਕੀਤੀਆਂ ਜਾਣਗੀਆਂ:

1. ਤੁਸੀਂ ਹੋਰ ਮਿਸੋਪਰੋਸਟੋਲ ਲੈ ਸਕਦੇ ਹੋ।
2. ਤੁਸੀਂ ਗਰੱਭਸਥ ਟਿਸ਼ੂ ਨੂੰ ਸਰਜਰੀ ਨਾਲ ਕੱਢਵਾ ਸਕਦੇ ਹੋ
3. ਤੁਸੀਂ ਉਦੋਂ ਤੱਕ ਇੰਤਜ਼ਾਰ ਕਰ ਸਕਦੇ ਹੋ ਜਦੋਂ ਤੱਕ ਇਹ ਆਪਣੇ ਆਪ ਤੁਹਾਡੇ 'ਚੋਂ ਨਿਕਲ ਜਾਂਦਾ ਹੈ, ਆਮ ਤੌਰ ਤੇ 4 ਹਫ਼ਤਿਆਂ ਦੇ ਅੰਦਰ, ਅਤੇ ਅਸੀਂ ਇਸ ਸਮੇਂ ਦੌਰਾਨ ਤੁਹਾਡੀ ਨਿਗਰਾਨੀ ਕਰਾਂਗੇ

ਐਚਸੀਜੀ ਫਾਲੋ-ਅੱਪ: ਜੇਕਰ ਤੁਸੀਂ ਅਓਲਟਰਾਸਾਊਂਡ ਲਈ ਨਹੀਂ ਆ ਰਹੇ ਹੋ ਤਾਂ ਦਿਨ 1 ਅਤੇ ਦਿਨ 8 ਤੇ ਐਚਸੀਜੀ ਖੂਨ ਦੀ ਜਾਂਚ ਕਰਾਂਗੇ ਅਤੇ ਸਕਾਈਪ ਤੇ ਨਤੀਜਿਆਂ ਦੀ ਵਿਚਾਰ ਕਰਾਂਗੇ।

**ਜਦੋਂ ਤੁਸੀਂ ਦਵਾਈ ਲੈਂਦੇ ਹੋ ਉਦੋਂ ਆਮ ਤੌਰ ਤੇ ਗਰਭ ਅਵਸਥਾ ਰੁੱਕ ਜਾਂਦੀ ਹੈ, ਪਰ ਜੇ ਤੁਸੀਂ 1% ਤੋਂ ਘੱਟ ਔਰਤਾਂ ਵਿੱਚੋਂ ਹੋ, ਜਿਨ੍ਹਾਂ ਵਿੱਚ ਫ਼ਾਲੋ-ਅੱਪ ਦੇ ਅਲਟਰਾਸਾਊਂਡ ਵਿੱਚ ਅਜੇ ਵੀ ਗਰਭ ਅਵਸਥਾ ਦਾ ਵੱਧਣਾ ਦਰਸਾਉਂਦਾ ਹੈ, ਤਾਂ ਤੁਹਾਨੂੰ ਸਰਜਰੀ ਲਈ ਨਿਯਤ ਕੀਤਾ ਜਾਵੇਗਾ।**

**ਫ਼ੋਨ ਕਰੋ:**

**– ਜੇ ਤੁਸੀਂ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਦੋ ਪੈਡ ਪ੍ਰਤੀ ਘੰਟਾ ਗਿੱਲਾ ਕਰਦੇ ਹੋ (4 ਪੈਡ ਤੋਂ ਜ਼ਿਆਦਾ 2 ਘੰਟਿਆਂ ਵਿੱਚ).**

**– ਜੇ ਮਿਸੋਪਰੋਸਟੋਲ ਲੈਣ ਤੋਂ 24 ਘੰਟਿਆਂ ਤੋਂ ਵੱਧ ਸਮੇਂ ਬਾਦ ਤੁਹਾਨੂੰ 38˚C ਤੋਂ ਜ਼ਿਆਦਾ ਬੁਖ਼ਾਰ ਹੈ (100.4˚F) ਜਾਂ 4 ਘੰਟਿਆਂ ਤੋਂ ਵੱਧ ਸਮੇਂ ਲਈ ਬਿਮਾਰ ਹੋ (ਜੀਅ ਕੱਚਾ, ਉਲਟੀਆਂ)**

**ਐਮਰਜੈਂਸੀ ਨੰਬਰ:** ਵਿਲੋ ਵੂਮੈਨਸ ਕਲੀਨਿਕ (24 ਘੰਟੇ) 604-709-5611

ਕਿਰਪਾ ਕਰਕੇ ਐਮਰਜੈਂਸੀ ਨੰਬਰ ਤੇ ਕਾਲ ਨਾ ਕਰੋ ਜੇਕਰ ਤੁਹਾਨੂੰ ਚਿੰਤਾ ਹੈ ਕਿ ਤੁਹਾਨੂੰ ਜ਼ਿਆਦਾ ਖੂਨ ਨਹੀਂ ਪੈ ਰਿਹਾ ਹੈ, ਬੱਸ ਆਪਣੀ ਨਿਯਤ ਹੋਈ ਹੋਈ ਫ਼ਾਲੋ-ਅੱਪ ਮੁਲਾਕਾਤ ਲਈ ਆਓ।